# ਉਨ੍ਹਾਂ ਪਰਵਾਰਾਂ ਲਈ ਪ੍ਰਮਾਣੀਕਰਣ ਦੀ ਸਮਾਪਤੀ ਦਾ CALFRESH (ਫ਼ੂਡ ਸਟੈਂਪਾਂ) ਨੋਟਿਸ ਜਿਨ੍ਹਾਂ 'ਚ ਸਭ ਬਾਲਗ ਬਜ਼ੁਰਗ ਜਾਂ ਅਸਮਰੱਥ ਹਨ

ਕਾਉਂਟੀ ਆੱਫ਼

STATE OF CALIFORNIA
HEALTH AND HUMAN SERVICES AGENCY
CALIFORNIA DEPARTMENT OF SOCIAL SERVICES

ਨੋਟਿਸ ਦੀ ਤਾਰੀਖ਼: ______
ਕੇਸ ਦਾ ਨਾਂ: ______
ਕੇਸ ਨੰਬਰ: ______
ਕਰਮਚਾਰੀ ਦਾ ਨਾਂ: ______
ਕਰਮਚਾਰੀ ਨੰਬਰ: ______
ਟੈਲੀਫੋਨ ਨੰਬਰ: ______
ਪਤਾ: ______

(ADDRESSEE)

ਸਵਾਲ ਹਨ? ਆਪਣੇ ਵਰਕਰ ਤੋਂ ਪੁੱਛੋ।

**ਸਟੇਟ ਵੱਲੋਂ ਸੁਣਵਾਈ: ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹ ਕਦਮ ਗਲਤ ਹੈ, ਤਾਂ ਤੁਸੀਂ ਸੁਣਵਾਈ ਦੀ ਮੰਗ ਕਰ ਸਕਦੇ ਹੋ। ਇਸ ਪੰਨੇ ਦੇ ਪਿਛਲੇ ਪਾਸੇ ਇਸਦਾ ਤਰੀਕਾ ਦੱਸਿਆ ਗਿਆ ਹੈ। ਜੇਕਰ ਤੁਸੀਂ ਇਸ ਕਾਰਵਾਈ ਤੋਂ ਪਹਿਲਾਂ ਸੁਣਵਾਈ ਦੀ ਮੰਗ ਕਰਦੇ ਹੋ ਤਾਂ ਹੋ ਸਕਦਾ ਹੈ ਤੁਹਾਡੇ ਫ਼ਾਇਦਿਆਂ 'ਚ ਬਦਲਾਵ ਨਾ ਹੋਵੇ।**

1. ਤੁਹਾਡੀ CalFresh ਪ੍ਰਮਾਣੀਕਰਣ ਮਿਆਦ ______________________ ਨੂੰ ਖ਼ਤਮ ਹੋਵੇਗੀ।
2. ਇੰਟਰਵਿਊ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਇੰਟਰਵਿਊ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਉਸਦੀ ਮੰਗ ਕਰ ਸਕਦੇ ਹੋ। ਜੇਕਰ ਤੁਸੀਂ ਇੰਟਰਵਿਊ ਦੇਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਫ਼ੌਰਨ ਕਾਉਂਟੀ ਨਾਲ ਸੰਪਰਕ ਕਰੋ। ਆਮ ਤੌਰ 'ਤੇ ਇੰਟਰਵਿਊ ਫ਼ੋਨ ਰਾਹੀਂ ਲਏ ਜਾਂਦੇ ਹਨ ਜਦੋਂ ਤਕ ਤੁਸੀਂ ਵਿਅਕਤਕ ਤੌਰ 'ਤੇ ਇੰਟਰਵਿਊ ਪਸੰਦ ਨਹੀਂ ਕਰਦੇ। ਜੇਕਰ ਕਿਸੇ ਅਸਮਰੱਥਾ ਕਰਕੇ ਤੁਹਾਨੂੰ ਦੂਜੇ ਬੰਦੋਬਸਤਾਂ ਦੀ ਲੋੜ ਹੈ; ਤਾਂ ਕਿਰਪਾ ਕਰਕੇ ਫ਼ੌਰਨ ਕਾਉਂਟੀ ਨੂੰ ਕਾਲ ਕਰੋ।
3. ਕਿਰਪਾ ਕਰਕੇ ਅਰਜ਼ੀ ਪੂਰੀ ਭਰੋ ਅਤੇ ਪ੍ਰਮਾਣੀਕਰਣ ਦੀ ਮਿਆਦ ਦੇ ਅਖ਼ੀਰਲੇ ਮਹੀਨੇ ਦੀ ਪਹਿਲੀ ਤਾਰੀਖ਼ ਤਕ ਕਾਉਂਟੀ ਨੂੰ ਉਹ ਵਾਪਸ ਭੇਜ ਦਿਓ: ______________________
4. ਜੇਕਰ ਤੁਸੀਂ ਬਦਲਾਵਾਂ ਦੀ ਜਾਣਕਾਰੀ ਦੇ ਰਹੇ ਹੋ, **ਤਾਂ ਕਿਰਪਾ ਕਰਕੇ** ਆਪਣੀ ਅਰਜ਼ੀ ਨਾਲ **ਸਬੂਤ ਸ਼ਾਮਲ** ਕਰੋ। ਕਿਸੇ ਵੀ ਬਦਲਾਵਾਂ ਦਾ ਸਬੂਤ ਤੁਹਾਡੀ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਜਮ੍ਹਾਂ ਕੀਤਾ ਜਾਣਾ ਚਾਹੀਦਾ ਹੈ।
5. ਤੁਹਾਡੇ ਦੁਆਰਾ ਭੇਜੀ ਜਾਣ ਵਾਲੀ ਜਾਣਕਾਰੀ ਦੇ ਅਧਾਰ 'ਤੇ, ਕਾਉਂਟੀ ਨੂੰ ਫੇਰ ਵੀ ਤੁਹਾਡਾ ਇੰਟਰਵਿਊ ਲੈਣ ਦੀ ਲੋੜ ਹੋ ਸਕਦੀ ਹੈ।
6. ਜੇਕਰ ਤੁਸੀਂ ਇੰਟਰਵਿਊ ਦੀ ਮੰਗ ਕਰਦੇ ਹੋ ਜਾਂ ਜੇਕਰ ਫੇਰ ਵੀ ਇਕ ਇੰਟਰਵਿਊ ਦੀ ਲੋੜ ਹੈ, ਤਾਂ ਤੁਹਾਨੂੰ ਮੁਲਾਕਾਤ ਪੱਤਰ ਮਿਲੇਗਾ।
7. ਜੇਕਰ ਤੁਸੀਂ ਕਿਸੇ ਰੁਕਾਵਟ ਤੋਂ ਬਿਨਾਂ ਆਪਣੇ ਫ਼ਾਇਦੇ ਪ੍ਰਾਪਤ ਕਰਨਾ ਜਾਰੀ ਰੱਖਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੀ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਦੇ ਮਹੀਨੇ ਦੀ 15 ਤਾਰੀਖ਼ ਤਕ ਇਕ ਅਰਜ਼ੀ ਜਮ੍ਹਾਂ ਕਰਨੀ ਪਵੇਗੀ। ਜੇਕਰ ਤੁਸੀਂ ਇੰਟਰਵਿਊ ਚਾਹੁੰਦੇ ਹੋ ਜਾਂ ਇੰਟਰਵਿਊ ਲਈ ਬੇਨਤੀ ਕੀਤੀ ਗਈ ਹੈ, ਤਾਂ ਇੰਟਰਵਿਊ ਪੂਰਾ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਤਕ ਆਮਦਨੀ, ਖ਼ਰਚੇਆਂ ਦਾ ਸਬੂਤ, ਜਾਂ ਕੋਈ ਹੋਰ ਜਾਣਕਾਰੀ ਜਮ੍ਹਾਂ ਕੀਤੀ ਜਾਣੀ ਚਾਹੀਦੀ ਹੈ।

## ਮਹੱਤਵਪੂਰਨ ਨਿਯਮ

- ਜੇਕਰ ਤੁਹਾਨੂੰ CalWORKs (ਕੈਲੀਫ਼ੋਰਨੀਆ 'ਚ ਕੰਮ ਦੇ ਮੌਕਿਆਂ ਅਤੇ ਬੱਚਿਆਂ ਨੂੰ ਜਿੰਮੇਦਾਰੀ ਦਾ ਕਾਰਜਕ੍ਰਮ) ਫ਼ਾਇਦੇ ਮਿਲਦੇ ਹਨ ਅਤੇ ਤੁਸੀਂ ਆਪਣਾ CalWORKs ਮੁੜ-ਨਿਰਧਾਰਣ ਪੂਰਾ ਕਰਨ 'ਚ ਨਾਕਾਮਯਾਬ ਰਹਿੰਦੇ ਹੋ, ਤਾਂ ਤੁਸੀਂ ਤਬਦੀਲੀ CalFresh ਫ਼ਾਇਦਿਆਂ ਲਈ ਯੋਗ ਨਹੀਂ ਹੋਵੋਗੇ।
- ਜੇਕਰ ਇਨ੍ਹਾਂ 'ਚੋਂ ਕੋਈ ਗੱਲ ਹੁੰਦੀ ਹੈ ਤਾਂ ਤੁਹਾਡੀ ਮੁੜ-ਪ੍ਰਮਾਣੀਕਰਣ ਅਰਜ਼ੀ 'ਤੇ ਅੰਤਿਮ ਕਾਰਵਾਈ ਹੋਣ ਤੋਂ ਪਹਿਲਾਂ ਤੁਹਾਨੂੰ 30 ਦਿਨਾਂ ਤਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸਤੋਂ ਇਲਾਵਾ, ਤੁਹਾਡੀ ਨਵੀਂ ਪ੍ਰਮਾਣੀਕਰਣ ਮਿਆਦ ਲਈ ਤੁਹਾਨੂੰ ਸਿਰਫ਼ ਆਂਸ਼ਿਕ ਫ਼ਾਇਦੇ ਮਿਲ ਸਕਦੇ ਹਨ। ਜੇਕਰ ਸਹਾਇਤਾ 'ਚ ਰੁਕਾਵਟ ਹੁੰਦੀ ਹੈ ਤਾਂ ਤੁਹਾਨੂੰ 3-ਦਿਨਾਂ ਦੀ ਕਾਰਵਾਈ (ਛੇਤੀ ਸੇਵਾ) ਦੀ ਮੰਗ ਕਰਨ ਦਾ ਹੱਕ ਹੈ:
  - ਤੁਸੀਂ ਆਪਣੀ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਦੇ ਮਹੀਨੇ ਦੀ 15 ਤਾਰੀਖ਼ ਤਕ ਇਕ ਅਰਜ਼ੀ ਜਮ੍ਹਾਂ ਨਹੀਂ ਕਰਦੇ।
  - ਤੁਸੀਂ ਉਹ ਇੰਟਰਵਿਊ ਪੂਰਾ ਨਹੀਂ ਕਰਦੇ ਜਿਸਦੀ ਤੁਸੀਂ ਮੰਗ ਕੀਤੀ ਸੀ ਜਾਂ ਕਾਉਂਟੀ ਨੇ ਤੁਹਾਨੂੰ ਦੱਸਿਆ ਸੀ ਕਿ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਤੋਂ 10 ਦਿਨ ਪਹਿਲਾਂ ਜਿਸਦੀ ਲੋੜ ਸੀ, ਜਾਂ
  - ਤੁਸੀਂ ਇੰਟਰਵਿਊ ਦੀ ਮਿਤੀ ਤੋਂ ਬਾਅਦ 10 ਦਿਨਾਂ ਦੇ ਅੰਦਰ ਆਮਦਨੀ ਦਾ ਸਬੂਤਖਰਚੇ, ਜਾਂ ਹੋਰ ਜਾਣਕਾਰੀ ਜਮ੍ਹਾਂ ਨਹੀਂ ਕਰਦੇ।
  - ਤੁਸੀਂ ਆਪਣੀ ਪ੍ਰਮਾਣੀਕਰਣ ਮਿਆਦ ਦੀ ਸਮਾਪਤੀ ਤੋਂ ਪਹਿਲਾਂ ਮੁੜ-ਪ੍ਰਮਾਣੀਕਰਣ ਅਰਜ਼ੀ 'ਚ ਦੱਸੇ ਗਏ ਕਿਸੇ ਬਦਲਾਵਾਂ ਦਾ ਸਬੂਤ ਜਮ੍ਹਾਂ ਨਹੀਂ ਕਰਦੇ।
- ਤੁਹਾਨੂੰ ਕਿਸੇ ਵੀ ਸਮੇਂ ਆਪਣਾ ਅਰਜ਼ੀ ਫ਼ਾਰਮ ਕਾਉਂਟੀ ਭਲਾਈ ਮਹਿਕਮੇ 'ਚ ਲਿਆਉਣ ਅਤੇ ਕਾਉਂਟੀ ਤੋਂ ਆਪਣੀ ਅਰਜ਼ੀ ਮਨਜ਼ੂਰ ਕਰਵਾਉਣ ਦਾ ਹੱਕ ਹੈ। ਅਰਜ਼ੀ 'ਤੇ ਦਸਤਖ਼ਤ ਕੀਤੇ ਜਾਣੇ ਚਾਹੀਦੇ ਹਨ ਅਤੇ ਉਸ 'ਚ ਪੜ੍ਹਨਯੋਗ ਨਾਂ, ਪਤਾ, ਅਤੇ ਦਸਤਖ਼ਤ ਜਾਂ ਨਿਸ਼ਾਨ ਦਾ ਗਵਾਹ ਹੋਣਾ ਚਾਹੀਦਾ ਹੈ।
- ਤੁਸੀਂ ਜਾਂ ਤੁਹਾਡੇ ਇਖ਼ਤਿਆਰੀ ਨੁਮਾਇੰਦੇ ਨੂੰ ਵਿਅਕਤਕ ਤੌਰ 'ਤੇ, ਡਾਕ ਰਾਹੀਂ, ਫ਼ੈਕਸ ਰਾਹੀਂ ਜਾਂ ਤੁਹਾਡੀ ਕਾਉਂਟੀ 'ਚ ਉਪਲਬਧ ਕਿਸੇ ਹੋਰ ਸੰਚਾਰ (ਈ-ਮੇਲ ਜਾਂ ਇੱਥੇ ਇਕ ਆਨ-ਲਾਈਨ ਇਲੈਕਟ੍ਰੌਨਿਕ ਅਰਜ਼ੀ: http://www.benefitscal.org) ਦੁਆਰਾ ਕਾਉਂਟੀ ਭਲਾਈ ਮਹਿਕਮੇ 'ਚ ਫ਼ਾਰਮ ਜਮ੍ਹਾਂ ਕਰ ਕੇ ਇਕ CalFresh ਅਰਜ਼ੀ ਦਾਖ਼ਲ ਕਰਨ ਦਾ ਹੱਕ ਹੈ। ਕਾਉਂਟੀ ਭਲਾਈ ਮਹਿਕਮੇ 'ਚ ਅਰਜ਼ੀ ਜਮ੍ਹਾਂ ਕਰਨ ਦੀ ਮਿਆਦ ਤੋਂ ਫ਼ਾਇਦੇ ਪਹੁੰਚਾਉਣ ਲਈ ਸਮੇਂ ਦੀ ਮਿਆਦ ਦਾ ਹਿਸਾਬ ਲਗਾਇਆ ਜਾਂਦਾ ਹੈ। ਇਲੈਕਟ੍ਰੌਨਿਕ ਦਸਤਖ਼ਤ ਤਕਨੀਕਾਂ ਦੀ ਵਰਤੋਂ ਰਾਹੀਂ ਦਸਤਖ਼ਤ ਕੀਤੀ ਗਈ ਅਰਜ਼ੀ ਜਾਂ ਲਿਖਤੀ ਦਸਤਖ਼ਤ ਵਾਲੀ ਅਰਜ਼ੀ ਅਤੇ ਫੇਰ ਫ਼ੈਕਸ ਜਾਂ ਹੋਰ ਇਲੈਕਟ੍ਰੌਨਿਕ ਸੰਚਾਰ ਰਾਹੀਂ ਭੇਜੀ ਜਾਂਦੀ ਹੈ। ਬੇਨਤੀ ਕੀਤੀ ਗਈ ਕੋਈ ਵੀ ਜਾਣਕਾਰੀ ਦੇਣ ਲਈ ਤੁਹਾਨੂੰ 10 ਦਿਨ ਦਿੱਤੇ ਜਾਣਗੇ। ਜੇਕਰ ਤੁਹਾਨੂੰ ਇਹ ਜਾਣਕਾਰੀ ਲੈਣ 'ਚ ਮਦਦ ਦੀ ਲੋੜ ਹੈ ਤਾਂ ਕਿਰਪਾ ਕਾਉਂਟੀ ਨੂੰ ਦੱਸੋ।

**ਨਿਯਮ: ਇਹ ਨਿਯਮ ਲਾਗੂ ਹੁੰਦੇ ਹਨ। CalFresh MPP ਭਾਗ: 63-300.3, 63-504.25, 63-504.251, 63-504.6, 63-504.61। ਆਪਣੇ ਵੈਲਫ਼ੇਅਰ ਦਫ਼ਤਰ 'ਚ ਤੁਸੀਂ ਇਨ੍ਹਾਂ ਦੀ ਸਮੀਖਿਆ ਕਰ ਸਕਦੇ ਹੋ।**

